# ਡਿਪਲੋਮਾ ਕੋਰਸ ਪੰਜਾਬੀ ਦੇ ਪ੍ਰਸ਼ਨ ਪੱਤਰ ਦਾ ਪੈਟਰਨ

## ਕੋਰਸ-1 (ਕਾਰਜੀ ਪੰਜਾਬੀ ਅਤੇ ਅਨੁਵਾਦ)

**ਕੁੱਲ ਅੰਕ: 100** **ਸਮਾਂ: 3 ਘੰਟੇ**

**ਨੋਟ: - ਪ੍ਰਸ਼ਨ ਪੱਤਰ ਨੂੰ ਛੇ ਭਾਗਾਂ ਵਿਚ ਵੰਡਿਆ ਜਾਵੇਗਾ। ਹਰ ਭਾਗ ਵਿਚ ਦਿੱਤੀ ਚੋਣ ਅਨੁਸਾਰ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਹੇਠਾਂ ਦਿੱਤੀ ਅੰਕ ਵੰਡ ਅਨੁਸਾਰ ਪ੍ਰਸ਼ਨ ਪੁੱਛੇ ਜਾਣਗੇ।**

**Unit 1**:- ਲਿੰਗ ਅਤੇ ਵਚਨ ਬਦਲਣ ਲਈ ਪੰਦਰਾਂ ਸ਼ਬਦਾਂ ਚੋਂ ਕੋਈ ਦਸ ਕਰਨ ਲਈ ਕਿਹਾ ਜਾਵੇਗਾ

-ਅਗੇਤਰ ਅਤੇ ਪਿਛੇਤਰ ਲਗਾ ਕੇ ਸੱਤ ਸ਼ਬਦਾਂ ਚੋਂ ਪੰਜ ਸ਼ਬਦਾਂ ਦੇ ਪ੍ਰਯੋਗ ਨਾਲ ਦੋ-ਦੋ ਸ਼ਬਦ ਬਣਾਉਣ ਲਈ ਕਿਹਾ ਜਾਵੇਗਾ

-15 ਅਸ਼ੁੱਧ ਸ਼ਬਦਾਂ ਵਿਚੋਂ 10 ਸ਼ਬਦਾਂ ਨੂੰ ਸ਼ੁਧ ਕਰਨ ਲਈ ਕਿਹਾ ਜਾਵੇਗਾ 5+5+5=15

**Unit 2**:- ਦਿੱਤੇ ਗਏ ਵੀਹ ਸ਼ਬਦਾਂ ਵਿਚੋਂ ਕੋਈ ਪੰਜ ਸਧਾਰਨ ਸ਼ਬਦ, ਪੰਜ ਸੰਯੁਕਤ ਸ਼ਬਦ ਅਤੇ ਪੰਜ ਮਿਸ਼ਰਿਤ ਸ਼ਬਦ ਛਾਂਟ ਕੇ ਲਿਖਣ ਲਈ ਕਿਹਾ ਜਾਵੇਗਾ 15

**Unit 3**:-ਪਹਿਲੇ ਦੋ ਭਾਗਾਂ ਵਿਚੋਂ ਦਸ-ਦਸ ਸ਼ਬਦ ਲਿਖਣ ਲਈ ਕਿਹਾ ਜਾਵੇਗਾ ਤੇ ਆਖਰੀ ਭਾਗ ਵਿਚੋਂ (ਵਿਰੋਧੀ, ਸਮਾਨਾਰਥਕ, ਬਹੁਅਰਥਕ ਅਤੇ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ) ਰਲਵੇਂ ਮਿਲਵੇਂ ਵੀਹ ਸ਼ਬਦ ਲਿਖਣ ਲਈ ਦਿੱਤੇ ਜਾਣਗੇ। ਇਥੇ ਪੇਪਰ ਸੈਟਰ ਅੰਦਰੂਨੀ Choice ਦੀ ਖੁੱਲ੍ਹ ਲੈ ਸਕਦਾ ਹੈ। 5+5+10=20

**Unit 4**:-ਹਿੰਦੀ/ਅੰਗਰੇਜ਼ੀ ਦੇ 22 ਸ਼ਬਦਾਂ ਵਿਚੋਂ 20 ਨੂੰ ਅਨੁਵਾਦ ਕਰਨ ਲਈ ਕਿਹਾ ਜਾਵੇਗਾ

-ਹਿੰਦੀ/ਅੰਗਰੇਜ਼ੀ ਦੇ 15 ਵਾਕਾਂ ਵਿਚੋਂ 10 ਦਾ ਅਨੁਵਾਦ ਕਰਨ ਲਈ ਕਿਹਾ ਜਾਵੇਗਾ 10+10=20

**Unit 5**: -ਇਸ਼ਤਿਹਾਰ ਅਤੇ ਨੋਟਿਸ ਵਿਚੋਂ ਕਿਸੇ ਉਤੇ ਵੀ ਅੰਦਰੂਨੀ Choice ਦੇ ਕੇ ਕਰਨ ਲਈ ਕਿਹਾ ਜਾ ਸਕਦਾ ਹੈ

-ਚਿੱਠੀ ਪੱਤਰ ਜਾਂ ਬਿਨੈ ਪੱਤਰ ਦੋਵਾਂ ਚੋਂ ਇਕ ਕਰਨ ਲਈ ਕਿਹਾ ਜਾਵੇਗਾ

-ਕਿਸੇ ਇਕ ਵਿਸ਼ੇ ਉਤੇ 300 ਸ਼ਬਦਾਂ ਵਿਚ ਪੈਰਾ ਰਚਨਾ ਕਰਨ ਲਈ ਕਿਹਾ ਜਾ ਸਕਦਾ ਹੈ 5+5+10=20

**Unit 6**: 12 ਅਖਾਣ ਮੁਹਾਵਰਿਆਂ ਵਿਚੋਂ ਕੋਈ 10 ਕਰਨ ਲਈ ਕਿਹਾ ਜਾਵੇਗਾ 10